**ਪ੍ਰਸ਼ਨ ਪੱਤਰ ਦੀ ਰੂਪ-ਰੇਖਾ (Structure of Question Paper)**

# ਡਰਾਇੰਗ ਅਤੇ ਚਿੱਤਰਕਲਾ (Drawing and Painting)

**ਸਮਾਂ : 8 ਘੰਟੇ** **ਕੁੱਲ : 100 ਅੰਕ**

**ਅੰਕਾਂ ਦੀ ਵੰਡ**

| | |
|---|---|
| ਪ੍ਰਯੋਗੀ ਪ੍ਰੀਖਿਆ | : 90 ਅੰਕ |
| INA | : 10 ਅੰਕ |
| ਕੁੱਲ | : 100 ਅੰਕ |
| ਪਾਸ ਅੰਕ | : 33 ਅੰਕ |

**ਭਾਗ-I** **ਅੰਕ : 38**

1. ਇਹ ਪੇਪਰ ਪ੍ਰਯੋਗੀ ਡੇਟ-ਸ਼ੀਟ ਅਨੁਸਾਰ ਪ੍ਰਯੋਗੀ ਪ੍ਰੀਖਿਅਕ ਵੱਲੋਂ ਲਿਆ ਜਾਵੇਗਾ। ਇਸ ਭਾਗ ਵਿੱਚ ਪਾਠ-ਕ੍ਰਮ ਅਨੁਸਾਰ ਪ੍ਰਯੋਗੀ ਪ੍ਰੀਖਿਅਕ ਸਕੈਚਿੰਗ, ਡਿਜ਼ਾਈਨ ਸਬੰਧੀ ਤਿੰਨ ਪ੍ਰਸ਼ਨ ਸੈੱਟ ਕਰੇਗਾ, ਜਿਸ ਵਿੱਚੋਂ ਪ੍ਰੀਖਿਆਰਥੀ ਆਪਣੀ ਚੋਣ ਅਨੁਸਾਰ ਇੱਕ ਪ੍ਰਸ਼ਨ ਹੱਲ ਕਰੇਗਾ ਜੋ 38 ਅੰਕਾਂ ਦਾ ਹੋਵੇਗਾ। ਇਸਦਾ ਸਮਾਂ 4 ਘੰਟੇ ਦਾ ਹੋਵੇਗਾ। ਇਹ ਪੇਪਰ ਸਵੇਰ ਦੇ ਸੈਸ਼ਨ ਵਿੱਚ ਸੈੱਟ ਕੀਤਾ ਜਾਵੇਗਾ।

   ਪੇਪਰ ਦਾ ਸਾਈਜ਼:- ਪੂਰੇ ਕਾਗਜ਼ ਦਾ $^{1}/_{4}$ ਹਿੱਸਾ (35ਸੈਂ. ਮੀ. × 25 ਸੈਂ.ਮੀ.)

**ਭਾਗ-II** **ਅੰਕ : 38**

2. ਇਹ ਪੇਪਰ ਸ਼ਾਮ ਦੇ ਸੈਸ਼ਨ ਵਿੱਚ ਹੋਵੇਗਾ। ਇਸਦਾ ਸਮਾਂ 4 ਘੰਟੇ ਅਤੇ ਇਹ 38 ਅੰਕਾਂ ਦਾ ਹੋਵੇਗਾ। ਇਸ ਵਿੱਚ ਪ੍ਰਯੋਗੀ ਪ੍ਰੀਖਿਅਕ ਕੋਈ ਤਿੰਨ ਵਸਤਾਂ ਇਕੱਠੀਆਂ ਰੱਖ ਕੇ ਮਾਡਲ ਸੈੱਟ ਕਰੇਗਾ ਅਤੇ ਪਿੱਛੇ ਡਰਾਪਰੀ ਸੈੱਟ ਕਰੇਗਾ। ਇਸ ਪੇਪਰ ਵਿੱਚ 13-13 ਵਿਦਿਆਰਥੀਆਂ ਦੇ ਗਰੁੱਪ ਬਣਾਏ ਜਾਣਗੇ। ਗਰੁੱਪ ਅੱਧ ਚੱਕਰ ਵਿੱਚ ਹੋਵੇਗਾ। ਪਹਿਲੇ ਲਾਈਨ ਵਿੱਚ ਸੱਤ ਵਿਦਿਆਰਥੀ ਅਤੇ ਦੂਜੀ ਲਾਈਨ ਵਿੱਚ ਛੇ ਵਿਦਿਆਰਥੀ ਬਠਾਏ ਜਾਣਗੇ। ਇਹ ਯਕੀਨੀ ਬਣਾਇਆ ਜਾਵੇ ਕਿ ਹਰ ਵਿਦਿਆਰਥੀ ਨੂੰ ਮਾਡਲ ਅਸਾਨੀ ਨਾਲ ਦਿਖਾਈ ਦੇ ਸਕੇ। ਪੇਪਰ ਦਾ ਸਾਈਜ਼:- ਪੂਰੇ ਕਾਗਜ਼ ਦਾ $^{1}/_{4}$ ਹਿੱਸਾ (35 ਸੈਂ. ਮੀ. × 25 ਸੈਂ.ਮੀ.)

**ਭਾਗ-III** **ਅੰਕ : 14**

3. ਦੋਨਾਂ ਸੈਸ਼ਨਾਂ ਦੇ ਵਿਚਕਾਰ ਇੱਕ ਘੰਟੇ ਦੇ ਸਮੇਂ ਦੌਰਾਨ ਪ੍ਰਯੋਗੀ ਪ੍ਰੀਖਿਅਕ ਪ੍ਰੀਖਿਆਰਥੀਆਂ ਦੇ ਸੈਸ਼ਨਲ ਕੰਮ ਦਾ ਮੁਲਾਂਕਣ ਕਰੇਗਾ। ਇਸਦੇ 14 ਅੰਕ ਹੋਣਗੇ। ਪ੍ਰੀਖਿਅਕ ਕੀਤੇ ਕੰਮਾਂ ਅਨੁਸਾਰ ਅੰਕ ਦੇਵੇਗਾ।

**ਅੰਕਾਂ ਦੀ ਵੰਡ:**

| | |
|---|---|
| ਸਕੈਚਿੰਗ ਅਤੇ ਬਣਾਵਟ | : 10 ਅੰਕ |
| ਪ੍ਰਭਾਵ | : 10 ਅੰਕ |
| ਠੀਕ ਡਰਾਇੰਗ | : 10 ਅੰਕ |
| ਰੰਗ ਯੋਜਨਾ | : 8 ਅੰਕ |
| ਕੁੱਲ ਅੰਕ | : 38 ਅੰਕ |

**ਧਰਤੀ ਦ੍ਰਿਸ਼ ਚਿੱਤਰਨ (Land Scape)**

| | |
|---|---|
| ਬਣਾਵਟ | : 14 ਅੰਕ |
| ਸਮੁੱਚਾ ਪ੍ਰਭਾਵ | : 7 ਅੰਕ |
| ਠੀਕ ਡਰਾਇੰਗ | : 7 ਅੰਕ |
| ਰੰਗ ਯੋਜਨਾ | : 10 ਅੰਕ |
| ਕੁੱਲ ਅੰਕ | : 38 ਅੰਕ |

**ਡਿਜ਼ਾਈਨ (Design)**

| | |
|---|---|
| ਡਿਜ਼ਾਈਨ ਦੀ ਇਕਾਈ | : 10 ਅੰਕ |
| ਪੇਪਰ ਤੇ ਡਿਜ਼ਾਈਨ ਦੀ ਸੈਟਿੰਗ | : 14 ਅੰਕ |
| ਰੰਗ ਯੋਜਨਾ ਅਤੇ ਪ੍ਰਭਾਵ | : 14 ਅੰਕ |
| ਕੁੱਲ ਅੰਕ | : 38 ਅੰਕ |

**ਭਾਗ–II**

**ਮਾਡਲ ਡਰਾਇੰਗ**

| | |
|---|---|
| ਬਣਾਵਟ | : 7 ਅੰਕ |
| ਅਨੁਪਾਤ ਅਤੇ ਸਮਾਨੁਪਾਤ | : 7 ਅੰਕ |
| ਵਿੱਥ ਸੋਝੀ | : 6 ਅੰਕ |
| ਠੀਕ ਡਰਾਇੰਗ | : 10 ਅੰਕ |
| ਛਾਇਆ ਤੇ ਪ੍ਰਛਾਇਆ | : 8 ਅੰਕ |
| ਕੁੱਲ ਅੰਕ | : 38 ਅੰਕ |